ਸਭ ਹੱਕ ਰਾਖਵੇਂ ਹਨ

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

ਜਿਸ ਮਰਨੇ ਤੇ ਜਗ ਡਰੇ ਮੇਰੇ ਮਨ ਆਨੰਦ ।
ਮਰਨੇ ਹੀ ਤੇ ਪਾਈਐ ਪੂਰਨ ਪਰਮਾ ਨੰਦ ॥

ਕਾਕਾ ਸੁਦਾਗਰ ਸਿੰਘ ਪੁਸਤਕ ਭੰਡਾਰ ਗ੍ਰੰਥ ਮਾਲਾ ਨੰ: ੧੨

ਪੂਰਨ ਜਤੀ

G-57 ਤੇ ਪੰਜਾਬ

ਮਤੇਈ ਲੂਣਾ

ਸਤੀ ਧਰਮ ਨੂੰ ਕਲੰਕਤ ਕਰਨ ਦਾ ਨੂ-ਏ-ਨੂ

ਸੱਚਾ ਫੋਟੋ
LAHORE
ਲੇਖਕ

ਸ੍ਰੀ ਮਾਨ ਸਰਦਾਰ ਉਜਾਗਰ ਸਿੰਘ ਜੀ

"ਸਦਾ ਅਨੰਦ"

ਪ੍ਰਕਾਸ਼ਕ !

ਭਾਈ ਲਾਭ ਸਿੰਘ ਐਂਡ ਸਨਜ਼

ਪੁਸਤਕਾਂ ਵਾਲੇ ਮਾਲਕ 'ਕਾਕਾ ਸੁਦਾਗਰ ਸਿੰਘ ਪੁਸਤਕ ਭੰਡਾਰ' ਪਬਲਿਸ਼ਰਜ਼, ਕਮੀਸ਼ਨ ਏਜੰਟ

ਬਜ਼ਾਰ ਮਾਈ ਸੇਵਾਂ ਸ੍ਰੀ ਅੰਮ੍ਰਿਤਸਰ ਜੀ

ਅਕਤੂਬਰ ਮੋਖ ੧) ਵਲੈਤੀ ਕਪੜੇ ਦੀ ਜਿਲਦ ੧॥) ੧੯੨੩

ਸ ਪ੍ਰ ਪ
21383

"ਗੁਰੂ ਖਾਲਸਾ ਪ੍ਰੈਸ" ਅੰਮ੍ਰਿਤਸਰ ਵਿੱਚ ਸਰਦਾਰ ਪ੍ਰੀਤਮ ਸਿੰਘ
ਮੈਨੇਜਰ ਤੇ ਪ੍ਰਿੰਟਰ ਦੇ ਯਤਨ ਨਾਲ ਛਪਿਆ ॥

ਪ੍ਰੇਮ ਭਰਿਆ ਸਮਰਪਨ

ਇਹ ਛੋਟਾ ਜਿਹਾ ਪ੍ਰਯਤਨ ਮੈਂ ਆਪਣੇ ਪਰਮ ਪਿਆਰੇ ਮਾਨਯੋਗ ਕ੍ਰਿਪਾਲੂ ਪਿਤਾ ਸ੍ਰੀਮਾਨ ਸਰਦਾਰ ਲਾਭ ਸਿੰਘ ਜੀ 'ਲਾਭ' ਮਾਲਕ 'ਕਾਕਾ ਸੁਦਾਗਰ ਸਿੰਘ ਪੁਸਤਕ ਭੰਡਾਰ'ਦੀ ਪਵਿੱਤ੍ਰ ਸੇਵਾ ਵਿੱਚ ਬੜੇ ਆਦਰ ਤੇ ਪ੍ਰੇਮ ਸਹਿਤ ਸਮਰਪਨ ਕਰਦਾ ਹਾਂ, ਜਿਨ੍ਹਾਂ ਦੀ ਕ੍ਰਿਪਾ ਦ੍ਰਿਸ਼ਟੀ ਤੇ ਸਨੇਹ ਨੇ ਮੈਨੂੰ ਏਸ ਯੋਗ ਕੀਤਾ ਹੈ ।

ਅਕਤੂਬਰ
੧੯੨੩

ਉਜਾਗਰ ਸਿੰਘ
'ਸਦਾ ਅਨੰਦ'
ਪ੍ਰਮਾਣ

ਭੂਮਿਕਾ

ਜਿੱਥੇ ਸੰਸਾਰ ਵਿੱਚ ਇਖ਼ਲਾਕ ਦੀ ਸ਼ਮਾ ਤੋਂ ਮਰ ਮਿਟਣ ਵਾਲੇ ਪੂਰਨ ਭਗਤ, ਰੂਪ ਬਸੰਤ, ਅਸਰਾਜ, ਕੁਨਾਲ ਆਦਿਕਾਂ ਵਰਗੇ ਮਹਾਂ ਪਵਿੱਤ੍ਰ ਧਰਮੱਗਜ ।ਇਖਲਾਕੀ ਜੀਵਨਾਂ ਦੀਆਂ ਲਾਸਾਨੀ ਆਤਮਾਵਾਂ ਹੋਈਆਂ ਹਨ, ਓਥੇ ਉਸੇ ਮਿੱਟੀ ਤੋਂ ਜੰਮ ਪਲ ਕੇ ਲੂਣਾਂ ਤੇ ਰੂਪਮਤੀ ਵਰਗੀਆਂ ਅਨਗਿਣਤ ਪਾਪ ਆਤਮਾਂ ਮਤ੍ਰੇਈਆਂ ਭੀ ਆਪਣੇ ਕਹਿਰ ਦੇ ਰਾਜ ਕਮਾ ਇਸ ਅਸਾਰ ਸੰਸਾਰ ਵਿੱਚ ਆਪਣੇ ਨਾਮ ਨੂੰ ਕਲੱਕਤ ਕਰ ਗਈਆਂ ਦਿਖਾਈ ਦਿੰਦੀਆਂ ਹਨ ।

ਪੂਰਨ ਭਗਤ ਜੀ ਦਾ ਇਖਲਾਕ ਦੀ ਜਗਵੇਦੀ ਤੋਂ ਸਦਕੇ ਹੋ ਸੰਸਾਰ ਭਰ ਲਈ ਇਖਲਾਕ ਦੇ ਉੱਚੇ ਪੂਰਨੇ ਪਾ ਜਾਣੇ ਖਾਸ ਕਰ ਪੰਜਾਬ ਵਾਸੀਆਂ ਲਈ ਅਮੋਲਕ ਤੇ ਅਦੁਤੀ ਹਨ । ਪੰਜਾਬ ਦੇ ਵਸਨੀਕ ਜਿਤਨਾ ਭੀ ਵੱਧ ਤੋਂ ਵੱਧ ਮਾਣ ਤੇ ਫ਼ਖ਼ਰ ਪੂਰਨ ਭਗਤ ਜੀ ਦੇ ਜੀਵਨ ਪਰ ਕਰਨ ਥੋੜੇ ਤੋਂ ਥੋੜਾ ਹੈ, ਕਿਉਂਕਿ ਪੂਰਨ ਭਗਤ ਜੀ ਦੀ ਇਖਲਾਕੀ ਜਿੱਤ ਦੀ ਕਹਾਣੀ ਜੋ ਕਿੱਸਿਆਂ, ਵਾਰਾਂ ਤੇਗੀਤਾਂ ਆਦਿਕਾਂ ਦੀਸ਼ਕਲ ਵਿੱਚ ਘਰ ਘਰ ਹਰੇਕ ਇਸਤ੍ਰੀ ਪੁਰਖ਼ ਦੀ ਦੰਦ ਕਥਾ ਬਨਕੇ ਅਨੇਕਾਂ ਹੰਕਾਰਨ ਮਤਰੇਈਆਂ ਦੀ ਸੁਧਾਰਕ ਸਾਬਤ ਹੋ ਰਹੀ ਹੈ, ਉਹ ਖਾਸ ਕਰ ਪੰਜਾਬੀਆਂ ਲਈ ਅਮੋਲਕ ਰਤਨ ਵਾਂਗ ਹੈ ।

ਪੰਜਾਬ ਵਿੱਚ ਏਸ ਇਖਲਾਕੀ ਮਹਾਂਬੀਰ ਦੀ ਸੀਨੇ ਬਸੀਨੇ ਚਲੀ ਆ ਰਹੀ ਵਿਸਥਾਰਕ ਕਥਾ ਨੂੰ ਅਨੇਕਾਂ ਕਵੀਆਂ ਤੇ ਲੇਖਕਾਂ ਨੇ ਕਲਮ ਦੇ ਹਵਾਲੇ ਕੀਤਾ ਤੇ ਅੱਜ

ਤੱਕ ਉਹ ਸੰਸਾਰ ਵਿੱਚ ਇਕ ਤੋਂ ਇਕ ਚੜ੍ਹਦੇ ਕਾਵਜ ਦੇ ਅਲੰਕਾਰਾਂ ਨਾਲ ਸ਼ਸ਼ੋਭਤ ਦਿਖਾਈ ਦੇ ਰਹੀ ਹੈ ।ਕਾਦਰਯਾਰ, ਕਿਸ਼ਨ ਸਿੰਘ ਆਰਫ, ਕਾਲੀ ਦਾਸ, ਬਾਲਕ ਰਾਮ, ਦੌਲਤ ਰਾਮ ਤੇ ਹੋਰ ਅਨੇਕਾਂ ਕਵੀਆਂ ਨੇ ਸੁੰਦਰ ੨ ਕਵਤਾ ਬਨਾਕੇ ਏਸ ਦਰਦ ਭਰੀ ਵਿਥਯਾ ਨੂੰ ਸੰਸਾਰ ਦੇ ਅੱਗੇ ਪੇਸ਼ ਕੀਤਾ, ਖਾਸ ਕਰ ਕਾਦਰਯਾਰ ਜੀ ਨੇ ਸਭ ਤੋਂ ਪਹਿਲਾਂ ਏਸ ਰਚਨਾਂ ਦਾ ਸ਼ੇਹਰਾ ਆਪਣੇ ਸੀਸ ਪਰ ਬੰਨ੍ਹਣ ਦਾ ਜੱਸ ਖੱਟਿਆ, ਅੱਜਤੱਕ ਉਨ੍ਹਾਂ ਦੀ ਕਵਿਤਾਦੇ ਉੱਚਕਾਵਜ—ਅਲੰਕਾਰ ਕਮਾਲ ਹੁਨਰ ਦੀ ਉੱਜਲਤਾ ਦੁਨੀਆਂ ਨੂੰ ਦਿਖਾ ਰਹੇ ਹਨ ।

ਸੋ ਐਸੇ ਇਖਲਾਕ ਦੇ ਬਾਂਕੇ ਬੀਰ, ਪਵਿੱਤ੍ਰ ਆਤਮਾਂ, ਬਾਲ ਬ੍ਰਹਮਚਾਰੀ, ਜਤੇਂਦ੍ਰ ਪੂਰਨ ਭਗਤਜੀ ਦੀ ਹੱਡ ਬੀਤੀ ਇਕ ਨਵੇਂ ਢੰਗ ਨਾਲ ਵਾਰਤਕ ਟੁੱਟੇ ਫੁੱਟੇ ਅੱਖਰਾਂ ਵਿੱਚ ਲਿਖਣ ਦਾ ਚਾਉ ਅੱਜ ਮੇਰੇ ਦਿਲ ਵਿੱਚ ਭੀ ਉਪਜਿਆ ਹੈ, ਵਾਹਿਗੁਰੂ ਮੇਹਰ ਕਰੇ ਜੋ ਮੇਰੀ ਭੀ ਇਹ ਅੱਲੜਪੁਣੇ ਦੀ ਮੇਹਨਤ ਲੋਕਾਂ ਦੇ ਦਿਲਾਂ ਨੂੰ ਭਾ ਜਾਵੇ ।

ਏਸ ਕਥਾ ਦੀ ਰਚਨਾਂ ਵਿੱਚ ਰਾਜਾ ਸ਼ਾਲਵਾਹਨ ਦੇ ਪ੍ਰਚੰਡ ਕ੍ਰੋਧ ਦਾ ਭੈੜਾ ਫਲ, ਪਾਪਣ ਲੂਣਾਂ ਦੇ ਨਖ਼ਰੇ ਦਾ ਦਰਦ ਭਰਿਆ ਦ੍ਰਿਸ਼ਜ, ਇੱਛਰਾਂ ਦਾ ਪੁੱਤ੍ਰ ਵਿਯੋਗ ਵਿੱਚ ਬਿਹਬਲ ਹੋਣਾਂ ਤੇ ਕਰੁਣਾਰਸ ਵਿੱਚ ਪਲਟਣਾਂ, ਸੁੰਦਾਂ ਦਾ ਆਪਾ ਵਾਰਨਾਂ ਆਦਿਕ ਸਾਰੇ ਸੁੰਦ੍ ੨ ਝਾਕੇ ਬੜੀ ਮੇਹਨਤ ਤੇ ਫਬਨਤਾ ਨਾਲ ਫਬਾਏ ਗਏ ਹਨ, ਜਿਨ੍ਹਾਂ ਦਾ ਕਦਰ ਕਰਨਾ ਕੇਵਲ ਮਾਨਯੋਗ ਪਾਠਕਾਂ ਦੀ ਕ੍ਰਿਪਾ ਦ੍ਰਿਸ਼ਟੀ ਪਰ ਹੀ ਅਧਾਰ ਰਖਦਾ ਹੈ । ਪਾਠਕ ਗਨ ਜੇ ਕੋਈ ਏਸ ਛੋਟੇ ਜੇਹੇ ਪੁਸਤਕ ਵਿੱਚ ਊਨਤਾ ਦੇਖਣ ਤਾਂ ਕਰਤਾ ਨੂੰ "ਭੁਲਣ ਅੰਦਰ

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.